Calgary

Livery Transport Services

**ਬੁਲੇਟਿਨ #007**

**LTS (ਲਿਵਰੀ ਟਰਾਂਸਪੋਰਟ ਸੇਵਾਵਾਂ) ਲਾਇਸੰਸਿੰਗ ਫੀਸ ਬਾਰੇ ਤਾਜ਼ਾ ਜਾਣਕਾਰੀ** 29 ਮਾਰਚ 2021

---

ਪਿਛਲੇ ਇੱਕ ਸਾਲ ਵਿੱਚ, COVID-19 ਮਹਾਂਮਾਰੀ ਨੇ ਟੈਕਸੀ ਅਤੇ ਲਿਮੋਜ਼ਿਨ ਉਦਯੋਗ ਨੂੰ ਲਗਾਤਾਰ ਪ੍ਰਭਾਵਿਤ ਕੀਤਾ ਹੈ। ਉਦਯੋਗ ਦੇ ਭਾਗੀਦਾਰਾਂ ਲਈ ਵਿੱਤੀ ਤੰਗੀ ਨੂੰ ਮੁੱਖ ਰੱਖਦੇ ਹੋਏ ਪ੍ਰਸ਼ਾਸਨ ਨੇ 15 ਮਾਰਚ, 2021 ਨੂੰ ਸਿਟੀ ਕੌਂਸਲ ਨੂੰ ਇੱਕ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ 14 ਮਈ, 2022 ਤੱਕ ਲਾਇਸੈਂਸ ਨਵੀਨੀਕਰਨ ਸੰਬੰਧੀ ਫੀਸਾਂ ਵਿੱਚ ਕਟੌਤੀ ਕਰਨ ਦੀ ਬੇਨਤੀ ਕੀਤੀ ਗਈ ਸੀ।

ਸਿਟੀ ਕੌਂਸਲ ਨੇ ਹੇਠ ਲਿਖੀਆਂ ਚੀਜ਼ਾਂ ਨੂੰ ਮਨਜ਼ੂਰੀ ਦਿੱਤੀ ਹੈ:

- ਟੈਕਸੀ ਅਤੇ ਲਿਮੋਜ਼ਿਨ ਡਰਾਈਵਰ ਦੇ ਲਾਇਸੈਂਸ ਨਵੀਨੀਕਰਨ ਫੀਸ ਵਿੱਚ ਕਟੌਤੀ ($141 → $0)
- ਟੈਕਸੀ ਪਲੇਟ ਲਾਇਸੈਂਸ ਨਵੀਨੀਕਰਨ ਫੀਸ ਵਿੱਚ 50 ਪ੍ਰਤੀਸ਼ਤ ਦੀ ਕਟੌਤੀ ($912 → $456)
- ਲਿਮੋਜ਼ਿਨ ਪਲੇਟ ਲਾਇਸੈਂਸ ਨਵੀਨੀਕਰਨ ਫੀਸ ਵਿੱਚ 50 ਪ੍ਰਤੀਸ਼ਤ ਦੀ ਕਟੌਤੀ ($731 → $365.50)

ਇੱਕ ਯਾਦ-ਸੂਚਨਾ ਦੇ ਤੌਰ 'ਤੇ, ਡਰਾਈਵਰਾਂ ਨੂੰ ਅਜੇ ਵੀ ਆਪਣੀ ਟੈਕਸੀ ਅਤੇ/ਜਾਂ ਲਿਮੋਜ਼ਿਨ ਦੇ ਡਰਾਈਵਰ ਨੂੰ ਲਾਇਸੈਂਸ ਦਾ ਨਵੀਨੀਕਰਨ ਕਰਨ ਦੀ ਲੋੜ ਹੈ; ਇਸ ਵਿੱਚ ਕੈਲਗਰੀ ਪੁਲਿਸ ਸੇਵਾ ਜਾਣਕਾਰੀ ਸੰਬੰਧੀ ਜਾਂਚ ਨੂੰ ਪੂਰਾ ਕਰਨਾ ਸ਼ਾਮਲ ਹੈ। ਕਿਰਪਾ ਕਰਕੇ ਯਾਦ ਰੱਖੋ, ਕਿ ਟੈਕਸੀ ਪਲੇਟਾਂ ਦਾ ਜੂਨ ਵਿੱਚ ਅਤੇ ਲਿਮੋਜ਼ਿਨ ਪਲੇਟਾਂ ਦਾ ਸਤੰਬਰ ਵਿੱਚ ਨਵੀਨੀਕਰਨ ਕੀਤਾ ਜਾਂਦਾ ਹੈ।

ਜੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਸਾਡੇ ਦਫ਼ਤਰ ਨੂੰ LTSengagement@calgary.ca 'ਤੇ ਈਮੇਲ ਕਰੋ।

ਸੁਹਿਰਦੇ,

ਅਬਦੁੱਲ ਰਫੀਹ
ਮੁੱਖ ਲਿਵਰੀ ਇੰਸਪੈਕਟਰ
ਕੈਲਗਰੀ ਕਮਿਊਨਿਟੀ ਸਟੈਂਡਰਡ